# दिल दे तार

ਦਿਲ ਦੇ ਤਾਰ, ਕਹਿੰਦੇ ਵਾਰ ਵਾਰ ਮਾਂ,
ਚਰਨਾਂ 'ਚ ਤੇਰੇ ਰਵ੍ਹਾਂ,
ਕਰ ਖ਼ਿਆਲ ਲਾ, ਚਰਣਾ ਨਾਲ ਮਾਂ,
ਬਸ ਤੈਨੂੰ ਐਨਾਂ ਕਵ੍ਹਾਂ,,,
ਦਿਲ ਦੇ ਤਾਰ, ਕਹਿੰਦੇ ਵਾਰ ਵਾਰ x||

ਮਾਂਏਂ ਮੇਰੀ, ਖੈਰਾਂ ਹੋਣ ਤੇਰੀਆਂ*,
ਪਾਰ ਤੂੰ, ਲਾ ਦੇ ਬੰਨ੍ਹੇ ਬੇੜੀਆਂ ॥
ਕਿਰਪਾ ਤੂੰ, ਕਰ ਦੇ ਮਈਆ,
ਝੋਲੀ ਤੂੰ, ਭਰ ਦੇ ਮਈਆ,
ਦੁਨੀਆਂ ਦੇ ਤਾਹਨੇ* ਸਵ੍ਹਾਂ,,,
ਸ਼ੇਰਾਂ ਵਾਲੀ ਮਾਂ, ਮੇਹਰਾਂ ਵਾਲੀ ਹਰ,
ਸਾਹ ਨਾਲ, ਨਾਮ ਲਵ੍ਹਾਂ,
ਕਰ ਖ਼ਿਆਲ ਲਾ, ਚਰਣਾ ਨਾਲ ਮਾਂ,
ਬਸ ਤੈਨੂੰ ਐਨਾਂ ਕਵ੍ਹਾਂ,,,
ਦਿਲ ਦੇ ਤਾਰ, ਕਹਿੰਦੇ ਵਾਰ ਵਾਰ x||

ਤੇਰੇ ਦਰੋਂ, ਖ਼ਾਲੀ ਕੋਈ ਨਹੀਂ ਜਾਂਵਦਾ*,
ਮੰਗੀਆਂ ਮੁਰਾਦਾਂ, ਤੈਥੋਂ ਪਾਂਵਦਾ ॥
ਮੈਨੂੰ ਵੀ, ਦਾਦ ਦੇ ਮਈਆ,
ਜਿੰਦਗੀ, ਸਵਾਦ ਦੇ ਮਈਆ,
ਸ਼ੁਕਰਾਨਾ* ਹਰ ਪਲ ਕਵ੍ਹਾਂ,,,
ਸੁਣਿਆ ਮਾਂਵਾਂ ਕਹਿੰਦੇ, ਠੰਡੀਆਂ ਛਾਂਵਾਂ ਮੈਂ,
ਇਸ ਛਾਂ 'ਚ, ਬੈਠਾ ਰਵ੍ਹਾਂ,
ਕਰ ਖ਼ਿਆਲ ਲਾ, ਚਰਣਾ ਨਾਲ ਮਾਂ,
ਬਸ ਤੈਨੂੰ ਐਨਾਂ ਕਵ੍ਹਾਂ,,,
ਦਿਲ ਦੇ ਤਾਰ, ਕਹਿੰਦੇ ਵਾਰ ਵਾਰ x||

ਪੂਰਨ ਦੀ, ਏਹੋ ਫ਼ਰਿਆਦ ਮਾਂ*,
ਬੱਚੜੇ ਨੂੰ, ਰੱਖੀ ਸਦਾ ਯਾਦ ਮਾਂ ॥
ਗੁਣ ਤੇਰੇ ਗਾਉਂਦੇ ਰਹਿਣਾ, ਨਾਮ ਧਿਆਉਂਦੇ ਰਹਿਣਾ,
ਜੈ ਜੈ ਜੈ ਮਾਂ* ਕਵ੍ਹਾਂ,,,
ਕਰ ਦੇ ਮੇਹਰ ਹੁਣ, ਲਾ ਨਾ ਦੇਰ ਮਾਂ,
ਹਰ ਪਲ ਮੈਂ, ਸੁਰ ਤੇ ਰਵ੍ਹਾਂ,
ਕਰ ਖ਼ਿਆਲ ਲਾ, ਚਰਣਾ ਨਾਲ ਮਾਂ,
ਬਸ ਤੈਨੂੰ ਐਨਾਂ ਕਵ੍ਹਾਂ,,,
ਦਿਲ ਦੇ ਤਾਰ, ਕਹਿੰਦੇ ਵਾਰ ਵਾਰ x||

ਅਪਲੋਡਰ- ਅਨਿਲਰਾਮੂਰਤੀਭੋਪਾਲ

स्वर : मास्टर सलीम

https://bhajanganga.com/bhajan/lyrics/id/25895/title/dil-de-taar

अपने Android मोबाइल पर BhajanGanga App डाउनलोड करें और भजनों का आनंद ले |